**ਪੰਜਾਬ ਸਰਕਾਰ**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ-1 ਸ਼ਾਖਾ)**

**ਹੁਕਮ**

ਪੰਜਾਬ ਰਾਜ ਵਿੱਚ ਜਿਲ੍ਹਾ ਗੁਰਦਾਸਪੁਰ ਵਿਖੇ ਸਿਵਲ ਸਰਜਨ ਦਫ਼ਤਰ ਵਿੱਚ ਤੈਨਾਤ ਸ੍ਰੀ ਜਤਿੰਦਰ ਕੁਮਾਰ, ਫਾਰਮੇਸੀ ਅਫਸਰ ਵਿਰੁੱਧ ਬਿਨਾਂ ਮੁੱਢਲੀ ਪੜਤਾਲ ਕਰਵਾਏ ਅਤੇ ਡਾਇਰੈਕਟਰ, ਸਿਹਤ ਤੋਂ ਪ੍ਰਵਾਨਗੀ ਲਏ ਬਿਨਾ ਫੌਜਦਾਰੀ ਕੇਸ ਦਰਜ ਕਰਵਾਉਣ ਅਤੇ ਉਸ ਨੂੰ ਸਾਜਿਸਨ ਝੂਠੇ ਕੇਸ ਵਿੱਚ ਫਸਾਉਣ ਕਾਰਨ ਡਾਕਟਰ ਹਰਭਜਨ ਰਾਮ, ਸਿਵਲ ਸਰਜਨ, ਗੁਰਦਾਸਪੁਰ ਨੂੰ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ ੪(1) ਅਧੀਨ ਤੁਰੰਤ ਪ੍ਰਭਾਵ ਤੋਂ ਮੁਅੱਤਲ ਕੀਤਾ ਜਾਂਦਾ ਹੈ ਅਤੇ ਇਸ ਮਾਮਲੇ ਸਬੰਧੀ ਪੜਤਾਲ ਕਰਨ ਹਿੱਤ ਸ੍ਰੀ ਸੁਰਜੀਤ ਸਿੰਘ ਢਿੱਲੋਂ, ਆਈ.ਏ.ਐਸ. (ਰਿਟਾ.) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਜਾਂਦਾ ਹੈ।

2. ਮੁਅੱਤਲੀ ਦੌਰਾਨ ਡਾਕਟਰ ਹਰਭਜਨ ਰਾਮ ਦਾ ਹੈਡਕੁਆਟਰ ਮੁੱਖ ਦਫ਼ਤਰ, ਡਾਇਰੈਕਟਰ ਸਿਹਤ, ਪੰਜਾਬ, ਸੈਕਟਰ-34, ਚੰਡੀਗੜ੍ਹ ਵਿਖੇ ਨਿਸ਼ਚਿਤ ਕੀਤਾ ਜਾਂਦਾ ਹੈ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ ਜੋ ਕਿ ਤੁਰੰਤ ਲਾਗੂ ਹੋਣਗੇ।

**ਮਿਤੀ, ਚੰਡੀਗੜ੍ਹ:**
**15-12-2021**

**ਵਿਕਾਸ ਗਰਗ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ,**
**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ**

ਪਿ.ਅੰ.ਨੰ.17/102/2021-3ਸਿ1/**3882** ਮਿਤੀ, ਚੰਡੀਗੜ੍ਹ:**15-12-2021**

ਉਤਾਰਾ ਸ੍ਰੀ ਸੁਰਜੀਤ ਸਿੰਘ, ਢਿੱਲੋਂ, ਆਈ.ਏ.ਐਸ. ਰਿਟਾਇਰਡ, ਮਕਾਨ ਨੰ:2572, ਸੈਕਟਰ-37-ਸੀ, ਚੰਡੀਗੜ੍ਹ ਨੂੰ ਲਿਖਿਆ ਜਾਂਦਾ ਹੈ ਕਿ ਇਹ ਪੜਤਾਲ ਰਿਪੋਰਟ 15 ਦਿਨਾਂ ਦੇ ਅੰਦਰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

**(ਗੁਰਜੀਤ ਸਿੰਘ)**
**ਸੁਪਰਡੰਟ**

ਪਿ.ਅੰ.ਨੰ.17/102/2021-3ਸਿ1/**3883** ਮਿਤੀ, ਚੰਡੀਗੜ੍ਹ:**15-12-2021**

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ/ਉਪ ਮੁੱਖ ਮੰਤਰੀ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ;
2. ਨਿੱਜੀ ਸਕੱਤਰ/ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ
3. ਨਿੱਜੀ ਸਕੱਤਰ/ ਸਕੱਤਰ(ਕੇ), ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ
4. ਮਿਸ਼ਨ ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ (ਪਰਿਆਸ ਭਵਨ), ਸੈਕਟਰ-38, ਚੰਡੀਗੜ੍ਹ;
5. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਫੇਜ-6, ਮੋਹਾਲੀ;

ਚਲਦਾ ਪੰਨਾ..2

6. ਸਮੂਹ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ/ ਸਿਹਤ ਸੇਵਾਵਾਂ (ਪਰਿਵਾਰ ਭਲਾਈ)/ਸਿਹਤ ਸੇਵਾਵਾਂ (ਸ:ਬ:), ਪੰਜਾਬ, ਚੰਡੀਗੜ੍ਹ;
7. ਸਿਵਲ ਸਰਜਨ ਗੁਰਦਾਸਪੁਰ;
8. ਸਿਸਟਮ ਐਨਾਲਿਸਟ ਦਫ਼ਤਰ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ ਨੂੰ ਸਿਹਤ ਵਿਭਾਗ ਪੰਜਾਬ ਦੀ ਵੈਬਸਾਈਟ ਉਤੇ ਅਪਲੋਡ ਕਰਨ ਹਿਤ;
9. ਸਬੰਧਤ ਡਾਕਟਰ।

ਗੁਰਜੀਤ ਸਿੰਘ

**(ਗੁਰਜੀਤ ਸਿੰਘ)**
**ਸੁਪਰਡੰਟ**